ਰੁੱਖਾਂ ਬਾਝੋਂ ਧਰਤੀ ...

ਧਰਤੀ ਸੰਗ ਹੋਂਦ ਵਿੱਚ ਆਏ, ਹੁੰਦਾ ਏ ਪ੍ਰਤੀਤ।
ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆਂ ਤੀਕ।
ਰੁੱਖਾਂ ਚੋਂ ਹੀ ਲੱਭਣਾ ਸਾਨੂੰ ਕੁਦਰਤ ਦਾ ਸਿਰਨਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਮਾਣ ਬਖ਼ਸ਼ਿਆ ਰੁੱਖਾਂ ਨੂੰ, ਗੁਰੂ ਨਾਨਕ, ਗੌਤਮ ਬੁੱਧ।
ਰੁੱਖ ਹੀ ਕਰਦੇ ਰਹਿੰਦੇ ਸਾਡਾ ਵਾਯੂਮੰਡਲ ਸ਼ੁਧ।
ਰੁੱਖ-ਬੂਟੇ ਹੀ ਕੱਟੇ ਗਏ ਤਾਂ ਕੌਣ ਕਰੇਗਾ ਛਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਬਿਨ ਰੁੱਖਾਂ ਦੇ ਰਹੇ ਅਧੂਰਾ ਖੇਤਾਂ ਵਿੱਚ ਕਿਸਾਨ।
ਗੱਡੇ, ਮੰਜੀਆਂ, ਹਲ, ਸੁਹਾਗੇ ਨਾਲੇ ਬਣਨ ਮਕਾਨ।
ਰੁੱਖਾਂ ਥੱਲੇ ਬੈਠ ਉਗਾਲੀ ਕਰਦੀਆਂ ਮੱਝਾਂ ਗਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਰੁੱਖ ਹੁੰਦੇ ਸਾਧੂ-ਸੰਨਿਆਸੀ ਕਰਦੇ ਪਰਉਪਕਾਰ।
ਜੀਵਨ ਬੰਦੇ ਲਈ ਸਮ੍ਰਪਿਤ ਇਸ ਦਾ ਹੈ ਕਿਰਦਾਰ।
ਗਰਮੀ, ਸਰਦੀ, ਝੱਖੜ ਸਹਿੰਦੇ, ਸਹਿੰਦੇ ਗਰਮ ਹਵਾਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਔਖੇ ਸ਼ਬਦਾਂ ਦੇ ਅਰਥ

ਹੋਂਦ : ਅਸਤਿਤਵ, ਮੌਜੂਦਗੀ
ਸਿਰਨਾਂਵਾਂ : ਪਤਾ
ਬਾਝੋਂ : ਬਿਨਾ
ਸੁਹਾਗਾ : ਪਧਰਾ ਕਰਨ ਵਾਲਾ ਖੇਤੀ ਦਾ ਸੰਦ
ਝੱਖੜ : ਹਨੇਰੀ

ਆਪਣੇ ਸਿਰ ਤੇ ਛੱਤ ਨਹੀਂ, ਹੋਰਾਂ ਨੂੰ ਦੇਣ ਸਹਾਰਾ।
ਬੇ-ਘਰ ਲੋਕੀਂ ਰੁੱਖਾਂ ਥੱਲੇ ਸੌਂ ਕੇ ਕਰਨ ਗੁਜ਼ਾਰਾ।
ਪਾਏ ਆਲ੍ਹਣੇ ਰੁੱਖਾਂ ਉੱਤੇ ਘੁੱਗੀਆਂ, ਚਿੜੀਆਂ, ਕਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਰੁੱਖਾਂ ਹੇਠ ਇਕੱਠੀਆਂ ਹੋਈਆਂ ਕੁੜੀਆਂ ਬਣ ਬਣ ਡਾਰਾਂ।
ਤੀਆਂ ਲੱਗੀਆਂ ਕਿਕਲੀ ਪੈਂਦੀ ਨੱਚਦੀਆਂ ਮੁਟਿਆਰਾਂ।
ਜੀਵੇ ਪਿੱਪਲ ਪੇਕੇ ਪਿੰਡ ਦਾ ਜਿਸ ਤੇ ਪੀਂਘ ਚੜ੍ਹਾਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਕੁਦਰਤ ਵਲੋਂ ਹਰ ਬੂਟੇ ਚੋਂ ਬਣਦੀ ਕੋਈ ਦਵਾਈ।
ਲਛਮਣ ਵਰਗੇ ਯੋਧੇ ਦੀ ਬੂਟੀ ਨੇ ਜਾਨ ਬਚਾਈ।
ਫਲ ਵੀ ਦਿੰਦੇ, ਫੁੱਲ ਵੀ ਦਿੰਦੇ, ਦਿੰਦੇ ਠੰਡੀਆਂ ਛਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਬਿਨ ਸੋਚੇ ਬੰਦੇ ਨੇ ਬਹੁਤੇ ਜੰਗਲ ਲਏ ਉਜਾੜ।
ਜਾਣੇ ਜਾਂ ਅਣਜਾਣੇ ਹੋਇਆ ਕੁਦਰਤ ਸੰਗ ਖਿਲਵਾੜ।
ਰੁੱਖ ਹੋਵਣ ਤਾਂ ਮੀਂਹ ਪੈਂਦੇ ਨੇ ਚੜ੍ਹ ਕੇ ਆਉਣ ਘਟਾਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਸੂਬਾ ਨੰਬਰ ਵਨ ਬਣੇ ਆਓ ਲਾਈਏ ਏਨੇ ਰੁੱਖ।
ਧਰਤੀ 'ਤੇ ਮਹਿਫੂਜ਼ ਰੱਖੀਏ, ਪਾਣੀ, ਰੁੱਖ ਤੇ ਕੁੱਖ।
ਧੀ ਜੰਮੇ ਤਾਂ ਰੁੱਖ ਲਗਾਓ ਜੱਗ ਦੀਆਂ ਲਓ ਦੁਆਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਰੁੱਖ ਆਪਣਾ ਕਰ ਦਿੰਦੇ ਨੇ ਸਭ ਕੁਝ ਹੀ ਕੁਰਬਾਨ।
ਨਾਲ ਮਨੁੱਖਾਂ ਦੇ ਸੜਦੇ ਨੇ ਆਖ਼ਿਰ, ਵਿੱਚ ਸ਼ਮਸ਼ਾਨ।
ਬੋਲ 'ਸੇਖਵਾਂ' ਰੁੱਖਾਂ ਦਾ ਮੈਂ ਕਿੱਦਾਂ ਕਰਜ਼ ਚੁਕਾਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਜਸਵੰਤ ਸਿੰਘ ਸੇਖਵਾਂ

ਔਖੇ ਸ਼ਬਦਾਂ ਦੇ ਅਰਥ

ਆਲ੍ਹਣੇ : ਘੋਂਸਲੇ
ਡਾਰਾਂ : ਟੋਲੀਆਂ
ਤੀਆਂ : ਤੀਜ ਦਾ ਤਿਉਹਾਰ
ਸੂਬਾ : ਪ੍ਰਾਂਤ
ਮਹਿਫੂਜ਼ : ਸੁਰੱਖਿਅਤ

ਟਿੱਪਣੀ

ਇਸ ਕਵਿਤਾ ਵਿੱਚ ਕਵੀ ਜਸਵੰਤ ਸਿੰਘ ਸੇਖਵਾਂ ਨੇ ਮਨੁੱਖੀ ਜੀਵਨ ਦੇ ਨਾਲ-ਨਾਲ ਇਸ ਧਰਤੀ ਦੇ ਵਾਤਾਵਰਨ ਦੀ ਸੰਭਾਲ ਲਈ ਰੁੱਖਾਂ ਦੀ ਮਹੱਤਤਾ ਬਾਰੇ ਦਸਦਿਆਂ ਲਿਖਿਆ ਹੈ ਕਿ ਰੁੱਖਾਂ ਤੋਂ ਬਿਨਾਂ ਧਰਤੀ ਇੰਜ ਹੈ ਜਿਵੇਂ ਬੱਚਿਆਂ ਤੋਂ ਬਿਨਾਂ ਮਾਂ ਹੁੰਦੀ ਹੈ। ਮਨੁੱਖੀ ਜੀਵਨ ਦੇ ਹਰ ਆਹਰ ਵਿੱਚ ਰੁੱਖ ਕਿਸੇ ਨਾ ਕਿਸੇ ਰੂਪ ਵਿੱਚ ਸਹਿਯੋਗੀ ਹਨ। ਇੱਥੋਂ ਤੱਕ ਮਰਨ ਸਮੇਂ ਵੀ ਰੁੱਖ ਦੀ ਲੱਕੜ ਹੀ ਸ਼ਮਸ਼ਾਨ ਵਿੱਚ ਕੰਮ ਆਉਂਦੀ ਹੈ। ਇਨ੍ਹਾਂ ਤੋਂ ਇਲਾਵਾ ਜੀਵ-ਜੰਤੂਆਂ, ਪੰਛੀਆਂ ਦੇ ਜੀਵਨ ਦਾ ਸਹਾਰਾ ਵੀ ਰੁੱਖ ਹੀ ਹਨ। ਕਵੀ ਅਨੁਸਾਰ ਮਨੁੱਖ ਰੁੱਖਾਂ ਦਾ ਕਰਜ਼ਦਾਰ ਹੈ ਇਨ੍ਹਾਂ ਦਾ ਕਰਜ਼ ਨਹੀਂ ਚੁਕਾਇਆ ਜਾ ਸਕਦਾ।

ਅਭਿਆਸ

1. ਦੱਸੋ ਖਾਂ ਭਲਾ :

(i) ਮਾਨਵਤਾ ਦੀ ਸੇਵਾ ਕਰਨ ਲਈ ਕੌਣ ਧਰਤੀ ਸੰਗ ਹੋਂਦ ਵਿੱਚ ਆਏ ?

(ii) ਰੁੱਖ ਸਾਡਾ ਵਾਤਾਵਰਨ ਕਿਵੇਂ ਸ਼ੁੱਧ ਕਰਦੇ ਹਨ ?

(iii) ਮੁਟਿਆਰਾਂ ਦੇ ਜੀਵਨ ਵਿੱਚ ਰੁੱਖਾਂ ਦੀ ਕੀ ਮਹੱਤਤਾ ਹੈ ?

(iv) ਧਰਤੀ ਤੇ ਰੁੱਖ ਦੇ ਸਾਥ ਦੀ ਕਿਹੜੇ-ਕਿਹੜੇ ਰਿਸ਼ਤੇ ਨਾਲ ਤੁਲਨਾ ਕੀਤੀ ਗਈ ਹੈ।

(v) ਬੰਦੇ ਨੇ ਬਿਨਾ ਸੋਚੇ ਕੀ ਕਿਥੋਂ ਉਜਾੜ ਲਿਆ ਹੈ ?

(vi) ਕਵੀ ਨੇ ਰੁੱਖਾਂ ਤੋਂ ਬਿਨਾ ਧਰਤੀ ਦੀ ਤੁਲਨਾ ਕਿਸ ਨਾਲ ਕੀਤੀ ਹੈ ? ਕੀ ਤੁਸੀਂ ਇਸ ਵਿਚਾਰ ਨਾਲ ਸਹਿਮਤ ਹੋ ? ਜੇ ਹਾਂ ਤਾਂ ਤੁਸੀਂ ਇਸ ਦੀ ਸੰਭਾਲ ਵਿਚ ਕਿਵੇਂ ਯੋਗਦਾਨ ਪਾਓਗੇ। ਆਪਣੇ ਵਿਚਾਰ 50-60 ਸ਼ਬਦਾਂ ਵਿਚ ਲਿਖੋ।

2. ਵਿਸਤਾਰ ਸਹਿਤ ਉੱਤਰ ਦਿਓ :

(i) 'ਰੁੱਖ ਮਨੁੱਖੀ ਜੀਵਨ ਲਈ ਸਮਰਪਿਤ ਹਨ।' ਇਸ ਕਥਨ ਦੀ ਪੁਸ਼ਟੀ ਕਰੋ।

(ii) ਕੁਦਰਤ ਨਾਲ ਕਿਸ ਨੇ ਅਤੇ ਕਿਵੇਂ ਖਿਲਵਾੜ ਕੀਤਾ ਹੈ ?

(iii) ਕਵੀ ਇਸ ਧਰਤੀ 'ਤੇ ਕਿੰਨ੍ਹਾਂ ਦੀ ਸੁਰੱਖਿਆ ਚਾਹੁੰਦਾ ਹੈ ਅਤੇ ਕਿਉਂ ?

(iv) 'ਵਾਤਾਵਰਨ ਦੀ ਸੰਭਾਲ : ਰੁੱਖਾਂ ਦੀ ਸੰਭਾਲ' ਵਿਸ਼ੇ ਤੇ ਚਿੱਤਰਾਂ ਸਹਿਤ ਪ੍ਰੋਜੈਕਟ ਤਿਆਰ ਕਰੋ।

3. ਹੇਠ ਦਿੱਤੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਸੂਬਾ ਨੰਬਰ ਵਨ ਬਣੇ ਆਓ ਲਾਈਏ ਏਨੇ ਰੁੱਖ।
ਧਰਤੀ 'ਤੇ ਮਹਿਫ਼ੂਜ਼ ਰੱਖੀਏ, ਪਾਣੀ, ਰੁੱਖ ਤੇ ਕੁੱਖ।
ਧੀ ਜੰਮੇ ਤਾਂ ਰੁੱਖ ਲਗਾਓ ਜੱਗ ਦੀਆਂ ਲਓ ਦੁਆਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

(i) ਕਵੀ ਅਨੁਸਾਰ ਨੰਬਰ ਵਨ ਸੂਬਾ ਕਿਵੇਂ ਬਣਾਇਆ ਜਾ ਸਕਦਾ ਹੈ ?
(ii) ਧਰਤੀ 'ਤੇ ਕੀ-ਕੀ ਸੁਰੱਖਿਅਤ ਰੱਖਣ ਦੀ ਲੋੜ ਹੈ ਅਤੇ ਕਿਉਂ ?
(iii) ਧੀ ਜੰਮਣ ਤੇ ਰੁੱਖ ਕਿਉਂ ਲਗਾਉਣਾ ਚਾਹੀਦਾ ਹੈ ?
(iv) ਇਨ੍ਹਾਂ ਸਤਰਾਂ ਦੇ ਕਵੀ ਦਾ ਨਾਂ ਦੱਸੋ।

4. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਰੁੱਖ ਆਪਣਾ ਕਰ ਦਿੰਦੇ ਨੇ ਸਭ ਕੁਝ ਹੀ ਕੁਰਬਾਨ।
ਨਾਲ ਮਨੁੱਖਾਂ ਦੇ ਸੜਦੇ ਨੇ ਆਖ਼ਿਰ, ਵਿੱਚ ਸ਼ਮਸ਼ਾਨ।
ਬੋਲ 'ਸੇਖਵਾਂ' ਰੁੱਖਾਂ ਦਾ ਮੈਂ ਕਿੱਦਾਂ ਕਰਜ਼ ਚੁਕਾਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

ਆਉ ਕੁਝ ਹੋਰ ਕਰੀਏ

ੳ. ਪਾਠ ਤੋਂ ਅੱਗੇ

(i) ਆਪਣੇ ਘਰ ਦੇ ਆਲੇ-ਦੁਆਲੇ ਜਾਂ ਸਕੂਲ ਵਿੱਚ ਲੱਗੇ ਰੁੱਖਾਂ ਦੀ ਸੂਚੀ ਤਿਆਰ ਕਰੋ।
(ii) 'ਰੁੱਖਾਂ ਦੀ ਸੰਭਾਲ' ਵਿਸ਼ੇ ਉਪਰ 100 ਸ਼ਬਦ ਲਿਖੋ।
(iii) ਹਵਾ ਨਾਲ ਰੁੱਖਾਂ ਦੇ ਪੱਤੇ ਝੜ ਕੇ ਡਿਗਦੇ ਰਹਿੰਦੇ ਹਨ। ਜਿਸ ਨਾਲ ਤੁਹਾਡੇ ਸਕੂਲ ਵਿੱਚ ਸੁੱਕੇ ਪੱਤਿਆਂ ਦਾ ਢੇਰ ਇਕੱਠਾ ਹੋ ਜਾਂਦਾ ਹੈ। ਤੁਹਾਡਾ ਸਕੂਲ ਪ੍ਰਬੰਧਨ ਇਹਨਾਂ ਸੁੱਕਿਆਂ ਪੱਤਿਆਂ ਦੇ ਢੇਰ ਦਾ ਸਹੀ ਤਰੀਕੇ ਨਾਲ ਨਿਪਟਾਰਾ ਕਿਵੇਂ ਕਰਦਾ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ।

ਅ. ਪਾਠ ਦੇ ਆਧਾਰ ਉੱਪਰ ਠੀਕ (✔) ਜਾਂ ਗ਼ਲਤ (✖) ਦਾ ਨਿਸ਼ਾਨ ਲਾਓ :

(i) ਰੁੱਖਾਂ ਬਿਨਾਂ ਧਰਤੀ ਬੱਚਿਆਂ ਵਾਲੀ ਮਾਂ ਸਮਾਨ ਹੈ। ☐
(ii) ਕੁੜੀਆਂ ਦੇ ਜੀਵਨ ਵਿੱਚ ਰੁੱਖਾਂ ਦੀ ਕੋਈ ਥਾਂ ਨਹੀਂ ਹੈ। ☐
(iii) ਲਛਮਣ ਦੀ ਜਾਨ ਬੂਟੀ ਨੇ ਬਚਾਈ ਸੀ। ☐
(iv) ਮਨੁੱਖ ਨੇ ਆਪਣੀ ਸਹੂਲੀਅਤ ਲਈ ਜੰਗਲ ਉਜਾੜੇ। ☐
(v) ਮੀਂਹ ਆਉਣ ਵਿੱਚ ਰੁੱਖਾਂ ਦਾ ਵੀ ਹੱਥ ਹੁੰਦਾ ਹੈ। ☐

ੲ. ਖ਼ਾਲੀ ਥਾਵਾਂ ਭਰੋ :

(i) ਰੁੱਖ ... ਸੰਗ ਹੋਂਦ ਵਿੱਚ ਆਏ।

(ii) ਵਾਯੂਮੰਡਲ ... ਰੱਖਣ ਵਿੱਚ ਰੁੱਖਾਂ ਦੀ ਬਹੁਤ ਭੂਮਿਕਾ ਹੈ।

(iii) ਰੁੱਖ ... ਵਰਗੇ ਪਰਉਪਕਾਰੀ ਹੁੰਦੇ ਹਨ।

(iv) ਪੰਛੀ ਰੁੱਖਾਂ ਉੱਤੇ ... ਪਾਉਂਦੇ ਹਨ।

(v) ਕੁੜੀਆਂ ... ਦੇ ਦਰਖ਼ਤ 'ਤੇ ਪੀਂਘ ਪਾਉਂਦੀਆਂ ਹਨ।

ਸ. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :

(i) ਹੋਂਦ ...

(ii) ਪਰਉਪਕਾਰ ...

(iii) ਝੱਖੜ ...

(iv) ਸਮਰਪਿਤ ...

(v) ਕਿੱਕਲੀ ...

(vi) ਖਿਲਵਾੜ ...

(vii) ਮਹਿਫੂਜ਼ ...

(viii) ਕੁਰਬਾਨ ...

(ix) ਸ਼ਮਸ਼ਾਨ ...

(x) ਕਰਜ਼ ...